# Official Spokesperson's response to media queries seeking comments on the statement issued on 19 June by the Chinese Spokesperson on the events in the Galwan valley area

June 20, 2020

……………………………………………………………………………………………………

# ਗਲਵਾਨ ਘਾਟੀ ਇਲਾਕੇ ਵਿੱਚ ਵਾਪਰੀਆਂ ਘਟਨਾਵਾਂ ਬਾਰੇ ਚੀਨੀ ਬੁਲਾਰੇ ਵੱਲੋਂ 19 ਜੂਨ ਨੂੰ ਜਾਰੀ ਕੀਤੇ ਗਏ ਬਿਆਨ ’ਤੇ ਮੀਡੀਆ ਵੱਲੋਂ ਟਿੱਪਣੀ ਮੰਗਣ 'ਤੇ ਅਧਿਕਾਰਤ ਬੁਲਾਰੇ ਦਾ ਜਵਾਬ

20 ਜੂਨ, 2020

ਗਲਵਾਨ ਘਾਟੀ ਇਲਾਕੇ ਵਿੱਚ ਵਾਪਰੀਆਂ ਘਟਨਾਵਾਂ ਬਾਰੇ ਚੀਨੀ ਬੁਲਾਰੇ ਵੱਲੋਂ 19 ਜੂਨ ਨੂੰ ਜਾਰੀ ਕੀਤੇ ਗਏ ਬਿਆਨ ’ਤੇ ਮੀਡੀਆ ਵੱਲੋਂ ਟਿੱਪਣੀ ਮੰਗਣ 'ਤੇ ਅਧਿਕਾਰਤ ਬੁਲਾਰੇ ਸ਼੍ਰੀ ਅਨੁਰਾਗ ਸ੍ਰੀਵਾਸਤਵ ਨੇ ਕਿਹਾ,

“ਗਲਵਾਨ ਘਾਟੀ ਇਲਾਕੇ ਬਾਰੇ ਸਥਿਤੀ ਇਤਿਹਾਸਕ ਤੌਰ‘ ਤੇ ਸਪੱਸ਼ਟ ਰਹੀ ਹੈ। ਹੁਣ ਚੀਨੀ ਪੱਖ ਵੱਲੋਂ ਅਸਲ ਕੰਟਰੋਲ ਰੇਖਾ (LAC) ਬਾਰੇ ਵਧਾ-ਚੜ੍ਹਾ ਕੇ  ਅਤੇ ਨਾ ਮੰਨਣ ਯੋਗ ਦਾਅਵੇ ਕਰਨਾ ਪਰਵਾਨ ਕਰਨ ਯੋਗ ਨਹੀਂ ਹੈ। ਇਹ ਦਾਅਵੇ ਚੀਨ ਦੇ ਆਪਣੇ ਹੀ ਪਹਿਲੇ ਨਜ਼ਰੀਏ ਦੇ ਉਲਟ ਹਨ।

ਭਾਰਤੀ ਫੌਜੀ ਗਲਵਾਨ ਘਾਟੀ ਸਮੇਤ ਭਾਰਤ-ਚੀਨ ਦੇ ਸਰਹੱਦੀ ਖੇਤਰਾਂ ਦੇ ਸਾਰੇ ਸੈਕਟਰਾਂ ਅੰਦਰ ਅਸਲ ਕੰਟਰੋਲ ਰੇਖਾ ਦੀ ਐਲਾਇਨਮੈਂਟ ਬਾਰੇ ਪੂਰੀ ਤਰ੍ਹਾਂ ਜਾਣੂ ਹਨ। ਉਹ ਇਸ ਜਗ੍ਹਾ ‘ਤੇ ਵੀ ਉਸੇ ਇਮਾਨਦਾਰੀ ਨਾਲ ਇਸਦੀ ਪਾਲਣਾ ਕਰਦੇ ਹਨ, ਜਿਵੇਂ ਉਹ ਹੋਰਨਾਂ ਥਾਵਾਂ 'ਤੇ ਕਰਦੇ ਹਨ। ਭਾਰਤੀ ਪੱਖ ਨੇ ਅਸਲ ਕੰਟਰੋਲ ਰੇਖਾ ਦੇ ਪਾਰ ਕਦੇ ਵੀ ਕੋਈ ਕਾਰਵਾਈ ਨਹੀਂ ਕੀਤੀ। ਦਰਅਸਲ ਉਹ ਲੰਮੇ ਸਮੇਂ ਤੋਂ ਬਿਨਾਂ ਕਿਸੇ ਵਾਰਦਾਤ ਦੇ ਇਸ ਖੇਤਰ ਵਿਚ ਗਸ਼ਤ ਕਰਦੇ ਰਹੇ ਹਨ। ਜ਼ਾਹਰ ਤੌਰ ਤੇ ਭਾਰਤੀ ਪੱਖ ਦੁਆਰਾ ਬਣਾਏ ਗਏ ਸਾਰੇ ਬੁਨਿਆਦੀ ਢਾਂਚੇ ਅਸਲ ਕੰਟਰੋਲ ਰੇਖਾ ਦੇ ਭਾਰਤੀ ਪਾਸੇ ਵੱਲ ਹਨ।

ਮਈ, 2020 ਦੀ ਸ਼ੁਰੂਆਤ ਤੋਂ ਚੀਨੀ ਪੱਖ ਇਸ ਖੇਤਰ ਵਿੱਚ ਭਾਰਤ ਦੇ ਰੁਟੀਨ, ਰਵਾਇਤੀ ਗਸ਼ਤ ਵਾਲੇ ਕੰਮ ਵਿੱਚ ਅੜਚਨ ਪਾ ਰਿਹਾ ਹੈ। ਇਸਦੇ ਸਿੱਟੇ ਵਜੋਂ ਟਕਰਾਅ ਹੋਇਆ, ਜਿਸ ਨਾਲ ਜ਼ਮੀਨੀ ਕਮਾਂਡਰਾਂ ਨੇ ਦੁਵੱਲੇ ਸਮਝੌਤੇ ਅਤੇ ਪ੍ਰੋਟੋਕੋਲ ਅਨੁਸਾਰ ਨਜਿੱਠਿਆ। ਅਸੀਂ ਇਸ ਦਲੀਲ ਨੂੰ ਪਰਵਾਨ ਨਹੀਂ ਕਰਦੇ ਕਿ ਭਾਰਤ ਇਕਪਾਸੜ ਤੌਰ 'ਤੇ ਹਾਲਾਤ ਨੂੰ ਬਦਲ ਰਿਹਾ ਹੈ। ਇਸਦੇ ਉਲਟ ਅਸੀਂ ਪਹਿਲੇ ਹਾਲਾਤ ਨੂੰ ਕਾਇਮ ਰੱਖਿਆ ਹੈ।

ਇਸ ਤੋਂ ਬਾਅਦ ਮਈ ਦੇ ਅੱਧ ਵਿਚ ਚੀਨੀ ਪੱਖ ਨੇ ਭਾਰਤ-ਚੀਨ ਦੇ ਸਰਹੱਦੀ ਇਲਾਕਿਆਂ ਦੇ ਪੱਛਮੀ ਸੈਕਟਰ ਦੇ ਹੋਰਨਾਂ ਖੇਤਰਾਂ ਵਿਚ ਅਸਲ ਕੰਟਰੋਲ ਰੇਖਾ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਕੀਤੀ। ਇੰਨਾਂ ਕੋਸ਼ਿਸ਼ਾਂ ਦਾ ਸਾਡੇ ਵੱਲੋਂ ਹਮੇਸ਼ਾ ਢੁਕਵਾਂ ਜਵਾਬ ਦਿੱਤਾ ਗਿਆ ਹੈ। ਇਸ ਤੋਂ ਬਾਅਦ ਦੋਵੇਂ ਪੱਖ ਅਸਲ ਕੰਟਰੋਲ ਰੇਖਾ ਉੱਤੇ ਚੀਨੀ ਗਤੀਵਿਧੀਆਂ ਤੋਂ ਪੈਦਾ ਹੋਏ ਹਾਲਾਤ ਨਾਲ ਨਜਿੱਠਣ ਲਈ ਸਥਾਪਤ ਕੂਟਨੀਤਕ ਅਤੇ ਫੌਜੀ ਚੈਨਲਾਂ ਰਾਹੀਂ ਵਿਚਾਰ ਵਟਾਂਦਰੇ ਵਿਚ ਸ਼ਾਮਲ ਰਹੇ।

ਸੀਨੀਅਰ ਕਮਾਂਡਰਾਂ ਨੇ 6 ਜੂਨ, 2020 ਨੂੰ ਮੁਲਾਕਾਤ ਕਰਕੇ ਅਸਲ ਕੰਟਰੋਲ ਰੇਖਾ ਉੱਤੇ ਡੀਐਸਕੇਲੇਸ਼ਨ ਅਤੇ ਡਿਸਇੰਗੇਜਮੈਂਟ ਕਰਨ ਲਈ ਦੁਵੱਲੀ ਕਾਰਵਾਈ ਕਰਨ ਬਾਰੇ ਸਹਿਮਤੀ ਦਿੱਤੀ। ਦੋਨਾਂ ਧਿਰਾਂ ਨੇ ਅਸਲ ਕੰਟਰੋਲ ਰੇਖਾ ਦਾ ਸਨਮਾਨ ਕਰਨ ਅਤੇ ਇਸਦੀ

ਪਾਲਣਾ ਕਰਨ ਅਤੇ ਹਾਲਾਤ ਨੂੰ ਬਦਲਣ ਲਈ ਕੋਈ ਗਤੀਵਿਧੀ ਨਾ ਕਰਨ 'ਤੇ ਸਹਿਮਤੀ ਪ੍ਰਗਟ ਕੀਤੀ। ਪਰੰਤੂ ਚੀਨੀ ਪੱਖ ਨੇ ਗਲਵਾਨ ਘਾਟੀ ਖੇਤਰ ਵਿੱਚ ਅਸਲ ਕੰਟਰੋਲ ਰੇਖਾ ਦੇ ਸਬੰਧ ਵਿੱਚ ਹੋਏ ਇਨ੍ਹਾਂ ਸਮਝੌਤਿਆਂ ਦੀ ਉਲੰਘਣਾ ਕੀਤੀ ਅਤੇ ਅਸਲ ਕੰਟਰੋਲ ਰੇਖਾ ਦੇ ਉਸ ਢਾਂਚੇ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਇਸ ਕੋਸ਼ਿਸ਼ ਨੂੰ ਨਾਕਾਮ ਕੀਤਾ ਗਿਆ ਤਾਂ ਚੀਨੀ ਫੌਜਾਂ ਨੇ 15 ਜੂਨ, 2020 ਨੂੰ ਹਿੰਸਕ ਕਾਰਵਾਈਆਂ ਕੀਤੀਆਂ, ਜਿਸ ਨਾਲ ਸਿੱਧੇ ਤੌਰ 'ਤੇ ਜਾਨਾਂ ਦਾ ਨੁਕਸਾਨ ਹੋਇਆ।

ਵਿਦੇਸ਼ ਮੰਤਰੀ (EAM) ਅਤੇ ਚੀਨੀ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਵੈਂਗ ਯੀ ਨੇ 17, ਜੂਨ 2020 ਨੂੰ ਗੱਲਬਾਤ ਕੀਤੀ, ਜਿਸ ਦੌਰਾਨ ਵਿਦੇਸ਼ ਮੰਤਰੀ ਨੇ 15 ਜੂਨ, 2020 ਨੂੰ ਵਾਪਰੀਆਂ ਘਟਨਾਵਾਂ ਅਤੇ ਇਸ ਤੋਂ ਪਹਿਲਾਂ ਹੋਈਆਂ ਘਟਨਾਵਾਂ ਦਾ ਸਖਤ ਸ਼ਬਦਾਂ ਵਿੱਚ ਵਿਰੋਧ ਕੀਤਾ। ਉਨ੍ਹਾਂ ਨੇ ਚੀਨੀ ਪੱਖ ਵੱਲੋਂ ਲਾਏ ਗਏ ਨਿਰਾਧਾਰ ਇਲਜ਼ਾਮਾਂ ਅਤੇ ਸੀਨੀਅਰ ਕਮਾਂਡਰਾਂ ਦਰਮਿਆਨ ਹੋਏ ਸਮਝੌਤਿਆਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਨੂੰ ਖਾਰਜ ਕੀਤਾ। ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਚੀਨ ਨੂੰ ਹੀ ਆਪਣੀਆਂ ਕਾਰਵਾਈਆਂ ਦਾ ਮੁੜ ਮੁਲਾਂਕਣ ਕਰਨ ਅਤੇ ਸੁਧਾਰਕ ਕਦਮ ਚੁੱਕਣ ਦੀ ਲੋੜ ਹੈ।

ਦੋਵਾਂ ਮੰਤਰੀਆਂ ਨੇ ਇਸ ਗੱਲ ਤੇ ਵੀ ਸਹਿਮਤੀ ਪ੍ਰਗਟਾਈ ਕਿ ਸਮੁੱਚੇ ਹਾਲਾਤ ਨਾਲ ਜ਼ਿੰਮੇਵਾਰੀ ਨਾਲ ਨਜਿੱਠਿਆ ਜਾਵੇਗਾ ਅਤੇ ਦੋਨੋਂ ਧਿਰਾਂ ਡਿਸਇੰਗੇਜਮੈਂਟ ਸਬੰਧੀ 6 ਜੂਨ ਨੂੰ ਹੋਏ ਸਮਝੌਤੇ ਨੂੰ ਇਮਾਨਦਾਰੀ ਨਾਲ ਲਾਗੂ ਕਰਨਗੀਆਂ। ਦੋਵੇਂ ਧਿਰਾਂ ਬਾਕਾਇਦਾ ਸੰਪਰਕ ਵਿੱਚ ਹਨ ਅਤੇ ਫਿਲਹਾਲ ਫੌਜੀ ਅਤੇ ਕੂਟਨੀਤਕ ਤੰਤਰਾਂ ਦੀ ਬੈਠਕਾਂ ਛੇਤੀ ਹੀ ਕਰਾਉਣ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ।

ਸਾਨੂੰ ਆਸ ਹੈ ਕਿ ਚੀਨੀ ਪੱਖ ਸਰਹੱਦੀ ਖੇਤਰਾਂ ਵਿੱਚ ਅਮਨ ਅਤੇ ਸ਼ਾਂਤੀ ਨੂੰ ਯਕੀਨੀ ਬਣਾਉਣ ਲਈ ਵਿਦੇਸ਼ ਮੰਤਰੀਆਂ ਦਰਮਿਆਨ ਹੋਏ ਸਮਝੌਤੇ ਦੀ ਇਮਾਨਦਾਰੀ ਨਾਲ ਪਾਲਣਾ ਕਰੇਗਾ, ਜੋ ਸਾਡੇ ਦੁਵੱਲੇ ਸਬੰਧਾਂ ਦੇ ਸਰਬਪੱਖੀ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ।”

ਨਵੀਂ ਦਿੱਲੀ
20 ਜੂਨ, 2020

DISCLAIMER: This is an approximate translation. The original is available in English on MEA’s website and may be referred to as the official press release.